ਨੰ : ਸੀ.ਸਹਾਇਕ (ਅਮਲਾ)/ਆਰ.ਟੀ.ਆਈ.ਅਪੀਲ/ਸੰ:ਰ:ਜ:/987 ਮਿਤੀ : 11/11/2020
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ।

ਵਿਸ਼ਾ :- ਆਰ.ਟੀ.ਆਈ.ਐਕਟ-2005 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ ਆੱਨ-ਲਾਈਨ ਕਰਨ ਬਾਰੇ।

ਯਾਦ ਪੱਤਰ :

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਸ਼ੋਕ ਕੁਮਾਰ, ਸੂਬੇਦਾਰ ਮੇਜਰ (ਸੇਵਾ ਨਵਿਰਤ)/ ਜੁਆਇੰਟ ਸੈਕਟਰੀ/ ਪ੍ਰਧਾਨ, ਦੀ ਕੁਕਾਨੇਟ ਵੈਲਫੇਅਰ ਸੁਸਾਇਟੀ, ਹੁਸ਼ਿਆਰਪੁਰ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ ਸੀ। ਇਸ ਅਪੀਲ ਦਾ ਫੈਸਲਾ ਇਸ ਅਦਾਲਤ ਵਲੋਂ ਮਿਤੀ : 07.10.2020 ਨੂੰ ਕਰ ਦਿੱਤਾ ਗਿਆ ਹੈ।

ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ, ਪੰਜਾਬ (ਆਰ.ਟੀ.ਆਈ.ਨੋਡਲ ਸੈਲ-ਪੰਜਾਬ ਸਿਵਲ ਸਕੱਤਰੇਤ-2) ਸੈਕਟਰ-9, ਚੰਡੀਗੜ ਜੀ ਵਲੋਂ ਜਾਰੀ ਪੱਤਰ ਨੰ : ਅੰ.ਵਿ ਪੰ ਨੰ: 51/8/2014/2 ਆਰ.ਟੀ.ਆਈ.ਐਨ.ਸੀ./ 162, ਮਿਤੀ : 29.06.2015, ਜੋ ਮੁੱਖ-ਦਫਤਰ ਦੇ ਪਿੱਠ ਅੰਕਣ ਨੰ : ਅਮਲਾ/ ਅਸਗ-2/ ਆਰ.ਟੀ.ਆਈ./ 7698, ਮਿਤੀ : 29.06.2015 ਰਾਹੀਂ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਅਸ਼ੋਕ ਕੁਮਾਰ (ਅਪੀਲਕਰਤਾ) ਵਲੋਂ ਦਾਇਰ ਕੀਤੀ ਗਈ ਅਪੀਲ ਅਤੇ ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 07.10.2020 ਦੀ ਤਸਦੀਕਸ਼ੁਦਾ ਕਾਪੀ ਇਸ ਪੱਤਰ ਨਾਲ ਨੱਥੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਦਸਤਾਵੇਜ਼ ਵਿਭਾਗ ਦੀ ਵੈਬ-ਸਾਈਟ ਤੇ ਆੱਨ-ਲਾਈਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਸਹਿਪੱਤਰ/ ਉਪਰੋਕਤ ਅਨੁਸਾਰ।

ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਨੰ : ਸੀ.ਸਹਾਇਕ (ਅਮਲਾ)/ ਸੰ:ਰ:ਜ:/ 5063-64 ਮਿਤੀ : 11-11-2020

ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਵੱਲ,

1. ਸ੍ਰੀ ਅਸ਼ੋਕ ਕੁਮਾਰ, ਸੂਬੇਦਾਰ ਮੇਜਰ (ਸੇਵਾ ਨਵਿਰਤ)/
   ਜੁਆਇੰਟ ਸੈਕਟਰੀ/ ਪ੍ਰਧਾਨ,
   ਦੀ ਕੁਕਾਨੇਟ ਵੈਲਫੇਅਰ ਸੁਸਾਇਟੀ, ਹੁਸ਼ਿਆਰਪੁਰ ।
2. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ),
   ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ।

ਵਿਸ਼ਾ :- ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 19 ਤਹਿਤ ਅਪੀਲ (ਵਲੋਂ ਸ੍ਰੀ ਅਸ਼ੋਕ ਕੁਮਾਰ)।

ਹਾਜਰੀ ਮਿਤੀ : 07.10.2020 :

ਸ੍ਰੀ ਅਨੁਜ ਸ਼ਰਮਾ, ਜੂਨੀਅਰ ਸਹਾਇਕ,
ਦਫਤਰ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ)
ਸਹਿਕਾਰੀ ਸਭਾਵਾਂ ਹੁਸ਼ਿਆਰਪੁਰ।

ਹੁੱਕਮ :

ਮਿਸਲ ਸੁਣਵਾਈ ਲਈ ਪੇਸ਼ ਹੋਈ। ਅਪੀਲਕਰਤਾ ਵਲੋਂ ਦਰਖਾਸਤ ਮਿਤੀ : 26.08.2020 ਰਾਹੀਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਪਾਸੋਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਅਦਾਲਤ ਪਾਸ ਅਪੀਲ ਦਾਇਰ ਕੀਤੀ ਗਈ। ਅਪੀਲ ਅਨੁਸਾਰ ਪ੍ਰਾਰਥੀ ਵਲੋਂ ਦਰਖਾਸਤ ਮਿਤੀ : 01.07.2020 ਰਾਹੀਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਪਾਸੋਂ ਦੀ ਕੁਕਾਨੇਟ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਕੁਕਾਨੇਟ ਨਾਲ ਸਬੰਧਤ ਸੂਚਨਾ ਲੈਣ ਲਈ ਅਪਲਾਈ ਕੀਤਾ ਗਿਆ ਸੀ। ਇਸ ਦਰਖਾਸਤ ਦੇ ਜਵਾਬ ਵਿੱਚ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਵਲੋਂ ਪ੍ਰਾਰਥੀ ਨੂੰ ਦਫਤਰ ਵਿੱਚ ਕਿਸੇ ਕੰਮ ਵਾਲੇ ਦਿਨ ਹਾਜਰ ਆ ਕੇ ਅਤੇ ਬਣਦੀ ਫੀਸ ਜਮਾਂ ਕਰਵਾ ਕੇ ਸੂਚਨਾ ਪ੍ਰਾਪਤ ਕਰਨ ਲਈ ਲਿਖਿਆ ਗਿਆ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਦਫਤਰ ਵਲੋਂ ਪ੍ਰਾਰਥੀ ਨੂੰ ਦੀ ਕੁਕਾਨੇਟ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਕੁਕਾਨੇਟ ਵਲੋਂ ਪਾਸ ਕੀਤੇ ਮਤਾ ਮਿਤੀ : 27.07.2020 ਦੀ ਕਾਪੀ ਉਪਲਬੱਧ ਕਰਵਾਈ ਗਈ। ਸਭਾ ਵਲੋਂ ਪਾਸ ਕੀਤੇ ਮਤੇ ਵਿੱਚ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਰਿੱਟ ਪਟੀਸ਼ਨ ਨੰਬਰ 9017 ਆਫ 2013 ਵਿੱਚ ਪਾਸ ਕੀਤੇ ਹੁੱਕਮ ਮਿਤੀ : 07.10.2013 ਅਤੇ ਮਾਨਯੋਗ ਪੰਜਾਬ

.........2.......

ਅਤੇ ਹਰਿਆਣਾ ਹਾਈਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰ : 13910 ਆਫ 2014 ਵਿੱਚ ਕੀਤੇ ਫੈਸਲਾ ਮਿਤੀ : 21.07.2014 ਦਾ ਹਵਾਲਾ ਦਿੰਦੇ ਹੋਏ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਸਨੂੰ ਦੇਣ ਤੋਂ ਇਨਕਾਰ ਕੀਤਾ ਗਿਆ ਹੈ। ਪ੍ਰਾਰਥੀ ਵਲੋਂ ਅਪੀਲ ਰਾਹੀਂ ਉਸ ਵਲੋਂ ਮੰਗੀ ਗਈ ਸੂਚਨਾ ਸਪਲਾਈ ਕਰਾਉਣ ਲਈ ਬੇਨਤੀ ਕੀਤੀ ਗਈ ਹੈ।

ਦੋਵਾਂ ਧਿਰਾਂ ਨੂੰ ਸੁਣਵਾਈ ਲਈ ਨੋਟਿਸ ਜਾਰੀ ਕੀਤਾ ਗਿਆ ਅਤੇ ਵੱਖ-ਵੱਖ ਮਿਤੀਆਂ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 16.09.2020 ਨੂੰ ਅਪੀਲ ਦੀ ਸੁਣਵਾਈ ਦੌਰਾਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਦੇ ਬੀਹਾਫ ਤੇ ਹਾਜਰ ਆਏ ਸ੍ਰੀ ਅਨੁਜ ਕੁਮਾਰ, ਜੂਨੀਅਰ ਸਹਾਇਕ ਵਲੋਂ ਦਫਤਰ ਵਲੋਂ ਜਾਰੀ ਪੱਤਰ ਨੰ : ਸੁਪਰਡੈਂਟ/ ਡੀ.ਆਰ.ਐਚ./ 455, ਮਿਤੀ : 15.09.2020 ਪੇਸ਼ ਕੀਤਾ ਗਿਆ, ਜਿਸ ਅਨੁਸਾਰ ਪਬਲਿਕ ਇਨਫਰਮੇਸ਼ਨ ਅਫਸਰ ਵਲੋਂ ਲਿਖਿਆ ਗਿਆ ਹੈ ਕਿ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਦੀ ਕੂਕਾਨੇਟ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਕੂਕਾਨੇਟ ਸਰਕਲ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਨਾਲ ਸਬੰਧਤ ਸੀ। ਇਸ ਲਈ ਪ੍ਰਾਰਥੀ ਵਲੋਂ ਮੰਗੀ ਗਈ ਦਰਖਾਸਤ ਪੱਤਰ ਮਿਤੀ : 03.07.2020 ਰਾਹੀਂ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਨੂੰ ਭੇਜੀ ਗਈ। ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਵਲੋਂ ਪੱਤਰ ਮਿਤੀ : 05.08.2020 ਰਾਹੀਂ ਦੀ ਕੂਕਾਨੇਟ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਕੂਕਾਨੇਟ ਵਲੋਂ ਪਾਸ ਕੀਤਾ ਮਤਾ ਮਿਤੀ : 27.07.2020 ਦੀ ਕਾਪੀ ਭੇਜੀ ਗਈ ਜਿਸ ਅਨੁਸਾਰ ਪਾਸ ਕੀਤਾ ਗਿਆ ਹੈ ਕਿ ਪ੍ਰਾਰਥੀ ਵਲੋਂ ਸਭਾਵਾਂ ਦੇ ਮੈਂਬਰਾਂ, ਮੈਂਬਰਾਂ ਵੱਲ ਲਗਦੀ ਹਿੱਸੇਦਾਰੀ ਅਤੇ ਕਰਜੇ ਸਬੰਧੀ ਜਾਣਕਾਰੀ ਮੰਗੀ ਗਈ ਹੈ। ਮਤੇ ਵਿੱਚ ਡਾਇਰੈਕਟੋਰੇਟ ਪ੍ਰਸ਼ਾਸਨਿਕ ਸੁਧਾਰ, ਪੰਜਾਬ ਚੰਡੀਗੜ ਜੀ ਦੇ ਨੋਡਲ ਸੈਲ ਦੇ ਪੱਤਰ ਨੰ : 286, ਮਿਤੀ : 08.10.2015, ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਰਿੱਟ ਪਟੀਸ਼ਨ ਨੰਬਰ 9017 ਆਫ 2013 ਵਿੱਚ ਪਾਸ ਕੀਤੇ ਹੁੱਕਮ ਮਿਤੀ : 07.10.2013 ਅਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰ : 13910 ਆਫ 2014 ਵਿੱਚ ਕੀਤੇ ਫੈਸਲਾ ਮਿਤੀ : 21.07.2014 ਅਨੁਸਾਰ ਕੋਆਪ੍ਰੇਟਿਵ ਅਦਾਰੇ ਜੋ ਸਰਕਾਰ ਕੋਲੋਂ ਮਾਲੀ ਸਹਾਇਤਾ ਨਹੀਂ ਲੈ ਰਹੇ ਹਨ, ਉਨ੍ਹਾਂ ਨੂੰ ਆਰ.ਟੀ.ਆਈ.ਐਕਟ-2005 ਲਾਗੂ ਨਹੀਂ ਹੁੰਦਾ। ਇਸ ਲਈ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਸਨੂੰ ਉਪਲਬੱਧ ਨਹੀਂ ਕਰਵਾਈ ਜਾ ਸਕਦੀ।

ਮਿਤੀ :23.09.2020 ਨੂੰ ਅਪੀਲ ਦੀ ਸੁਣਵਾਈ ਦੌਰਾਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਨੂੰ ਹਦਾਇਤ ਕੀਤੀ ਗਈ ਕਿ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਮਿਤੀ : 01.07.2020 ਅਨੁਸਾਰ ਮੰਗੀ ਗਈ ਸੂਚਨਾ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਦੇ ਦਫਤਰ ਪਾਸੋਂ ਪ੍ਰਾਪਤ ਕਰਕੇ ਤੁਰੰਤ ਪ੍ਰਾਰਥੀ ਨੂੰ ਡਲਿਵਰ ਕਰਵਾਈ ਜਾਵੇ ਅਤੇ ਅਪੀਲ ਦੀ ਸੁਣਵਾਈ ਦੀ ਅਗਲੀ ਮਿਤੀ : 01.07.2020 ਨੂੰ ਇਸ ਨਾਲ ਸਬੰਧਤ ਰਿਕਾਰਡ ਪੇਸ਼ ਕੀਤਾ ਜਾਵੇ।

ਮਿਤੀ : 01.07.2020 ਨੂੰ ਅਪੀਲ ਦੀ ਸੁਣਵਾਈ ਸਮੇਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਵਲੋਂ ਹਾਜਰ ਆਏ ਸ੍ਰੀ ਅਨੁਜ ਸ਼ਰਮਾ, ਜੂਨੀਅਰ ਸਹਾਇਕ ਵਲੋਂ ਦਫਤਰ ਵਲੋਂ ਜਾਰੀ ਪੱਤਰ ਨੰ : ਸੁਪਰਡੈਂਟ/ ਡੀ.ਆਰ.ਐਚ./ 501, ਮਿਤੀ : 06.10.2020 ਪੇਸ਼ ਕੀਤਾ ਗਿਆ, ਜਿਸ ਅਨੁਸਾਰ ਦੀ ਕੂਕਾਨੇਟ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਦੇ ਮੈਂਬਰਾਂ ਦੀ ਸੂਚੀ ਅਤੇ ਕਰਜਾ ਮੁਆਫੀ ਸਬੰਧੀ ਲਿਸਟਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ

........3........

ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਵਲੋਂ ਉਨ੍ਹਾਂ ਦੇ ਪੱਤਰ ਨੰ : ਸੁਪਰਡੈਂਟ/ ਸ:ਰ:ਹੁ:/ 4621, ਮਿਤੀ : 05.10.2020 ਰਾਹੀਂ ਰਜਿਸਟਰਡ ਡਾਕ ਰਾਹੀਂ ਪ੍ਰਾਰਥੀ ਨੂੰ ਭੇਜੀਆਂ ਜਾ ਚੁੱਕੀਆਂ ਹਨ।

ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਮਿਤੀ : 01.07.2020 ਅਨੁਸਾਰ ਮੰਗੀ ਗਈ ਸੂਚਨਾ ਭਾਵੇਂ ਦੀ ਕੂਕਾਨੇਟ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਕੂਕਾਨੇਟ ਵਲੋਂ ਪ੍ਰਾਰਥੀ ਨੂੰ ਉਪਲਬੱਧ ਨਹੀਂ ਕਰਵਾਈ ਗਈ, ਪਰੰਤੂ ਇਹ ਸੂਚਨਾ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਦੇ ਪੱਤਰ ਨੰ : ਸੁਪਰਡੈਂਟ/ ਸ:ਰ:ਹੁ:/ 4621, ਮਿਤੀ : 05.10.2020 ਰਾਹੀਂ ਰਜਿਸਟਰਡ ਡਾਕ ਰਾਹੀਂ ਪ੍ਰਾਰਥੀ ਨੂੰ ਉਪਲਬੱਧ ਕਰਵਾਈ ਜਾ ਚੁੱਕੀ ਹੈ। ਉਪਰੋਕਤ ਨੂੰ ਮੁੱਖ-ਰੱਖਦੇ ਹੋਏ ਅਪੀਲ ਖਾਰਜ (dispose off) ਕੀਤੀ ਜਾਂਦੀ ਹੈ।

ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਨਾਲ ਅਪੀਲਕਰਤਾ ਅਗਰ ਸੰਤੁਸ਼ਟ ਨਾ ਹੋਵੇ ਤਾਂ ਉਹ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਮਾਨਯੋਗ ਸਟੇਟ ਇਨਫਰਮੇਸ਼ਨ ਕਮਿਸ਼ਨ, ਪੰਜਾਬ, ਚੰਡੀਗੜ ਜੀ ਪਾਸ ਦੂਸਰੀ ਅਪੀਲ ਦਾਇਰ ਕਰ ਸਕਦਾ ਹੈ।

ਮਿਤੀ : 07.10.2020.

(ਐਪੀਲਾਂਟ ਅਥਾਰਟੀ)
ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

Dated 26-08-2020

The Joint Registrar, Co-Opt Society, apposite Head Post Office, Jalandhar

(Designated, First appeal ate Authority.)

Subject- Appeal under Section 19 (I) Of R.T.I. Act 2005 for refused (non-supply) of documents By the Deputy Registrar Co-Opt Societies ,Hoshiarpur as asked for from his office as per Para 6 (3) read para-2, sub paras (h) to (n) of ibid act.

A copy of letter No-Kukanate/0044 dated 01-07-2020 addressed to the Public Information Cum- Deputy Registrar Hoshiarpur requesting him for supply of document s under the heading "Documents Requested as per Paras (I) and 2.

2. That the Deputy Registrar Co-Opt Societies Hoshiarpur asked the applicant vide their Memo No-Supdt /O.R.H/2765 dated 05-08-2020 directed the for depositing Rs-12/-for getting the documents on any working day from the Assistant Registrar Office Hoshiarpur, and these instructions were duly complied by me, but unfortunately the regulation passed by the Co-Operative Society Village Kukanate dated 27-7-2020 was forwarded to me stating that the instructions as contained in the Director, Administrative Punjab Chandigarh routed through their R.T.I Nodal Cell letter No-01-07-2015/I RTINC/286 dated 08-10-2015 and also reference to the Humble Supreme Court of India given reference to writ petition No- 9017 of 2013. Accordingly it is submitted that the Co-Operative Society of Village Kukanate had been taking the plea to cover their financial embezzlements for the benefits given to the formers including interest waiver to which the Bested persons in the society exploit the formers .It is also stated that when in such circumstances' your good office was approached the concerned staff was instructed not to deny such information as contemplated in para 2 (a) to (h) of RTI Act 2005 as the Co-Operative Society is owned ,controlled or subsequently financed by the Reserve Bank Of India. Moreover, it govern the aspect of" BANKING" of Co-Operative Banks run by Co-Operative Societies cannot carry in any activity without compliance of the previsions of the Backings Regulation Act because the society accept the money from the public, repayable on demand and withdrawal by chques ,drafts or otherwise merely by the fact that landing of money is limited to members of the society and hence can't be said out of the preview of banking.

3. In the circumstances explained above it is requested kindly arrange to supply me the documents as per my applications dated 01-07-2020 addressed to the Deputy Registrar Co-Operative Societies-Cum Public Information's Officer ,Hoshiarpur , Copy enclosed as enextue-1 ... information please .

Enclosure - Copy of application dated 01-07-2020. Yours Faithfully,

A Kumar

**ASHOK KUMAR (RETD)**
**Sub Maj**
**Jt. Secretary** President
**Kukanate Welfare Society**